**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ,**
**ਐਸ.ਸੀ.ਓ. ਨੰ 104-106, ਸੈਕਟਰ 34-ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ

2. ਰਾਜ ਦ ਸਮੂਹ ਸਕੂਲਾਂ ਦੇ ਮੁੱਖੀ (ਵੈੱਬ ਸਾਇਟ ਰਾਹੀਂ)

ਮੀਮੋ ਨੰ ਸਸਅ/ਕੋਆਰਡੀਨੇਸ਼ਨ-2/75544
ਮਿਤੀ ਚੰਡੀਗੜ੍ਹ 13-12-2010

ਵਿਸ਼ਾ ਮਾਨਿਟਰ ਡਾਇਰੀ ਅਤੇ ਟੀਚਰ ਡਾਇਰੀ ਦੇ ਮਿਲਾਣ ਬਾਰੇ ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੈ ਕਿ ਸਿੱਖਿਆ ਦੇ ਮਿਆਰ ਦੇ ਸੁਧਾਰ ਤੇ ਚਲਦੇ ਮੁੱਖ ਦਫਤਰ ਵੱਲੋਂ ਪੰਜਾਬ ਰਾਜ ਦੇ ਸਮੂਹ ਅਧਿਆਪਕਾਂ ਲਈ ਟੀਚਰ ਡਾਇਰੀ ਜਦੋਂ ਕਿ ਸਮੂਹ ਕਲਾਸਾਂ ਲਈ ਮਾਨਿਟਰ ਡਾਇਰੀ ਨੂੰ ਭਰੇ ਜਾਣ ਬਾਰੇ ਹਦਾਇਤਾਂ ਕੀਤੀਆਂ ਹੋਇਆਂ ਹਨ। ਸਕੂਲਾਂ ਦੇ ਨਿਰੀਖਣਾਂ ਤੋਂ ਇਹ ਗੱਲ ਧਿਆਨ ਵਿੱਚ ਆਈ ਹੈ ਕਿ ਬਹੁਤ ਸਾਰੇ ਕਲਾਸ ਮਾਨਿਟਰ ਆਪਣੀ ਮਾਨਿਟਰ ਡਾਇਰੀ ਨੂੰ ਪੈਂਸਿਲ ਨਾਲ ਭਰਦੇ ਹਨ । ਇਹ ਸ਼ਿਕਾਇਤ ਵੀ ਪ੍ਰਾਪਤ ਹੋਈ ਹੈ ਕਿ ਕਲਾਸ ਮਾਨਿਟਰ ਇਸ ਤਰ੍ਹਾਂ ਕੁੱਝ ਅਧਿਆਪਕਾਂ ਦੇ ਕਹਿਣ ਤੇ ਕਰਦੇ ਹਨ ਤਾਂ ਜੋ ਬਾਅਦ ਵਿੱਚ ਜੇਕਰ ਲੋੜ ਪਵੇ ਤਾਂ ਮਾਨਿਟਰ ਡਾਇਰੀ ਵਿੱਚ ਤਬਦੀਲੀ ਕੀਤੀ ਜਾ ਸਕੇ ।

3.0 ਇਸ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਕਲਾਸ ਮਾਨਿਟਰ ਡਾਇਰੀ ਨੂੰ ਪੈਨ ਨਾਲ ਹੀ ਲਿਖਣ । ਇਸ ਤੋਂ ਇਲਾਵਾ ਸਕੂਲ ਮੁੱਖੀ ਹਫਤੇ ਵਿੱਚ ਇਕ ਦਿਨ ਯਾਣੀ ਕਿ ਸ਼ਨਿਵਾਰ ਨੂੰ (ਸ਼ੁਕਰਵਾਰ ਨੂੰ ਜੇਕਰ ਸ਼ਨਿਵਾਰ ਦੀ ਛੁੱਟੀ ਹੋਵੇ) ਸਕੂਲ ਮਾਨਿਟਰ ਡਾਇਰੀਆਂ ਦਾ ਰਿਵਯੂ ਕਰਨ ਅਤੇ ਉਹਨਾਂ ਵਿੱਚ ਆਪਣੇ ਦਸਤਖਤ ਕਰਨ ।

4.0 ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਨਾ ਯਕੀਨੀ ਬਣਾਈ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ                                    ਮਿਤੀ

ਇਸ ਦਾ ਇਕ ਉਤਾਰਾ ਸਮੂਹ ਇਨਚਾਰਜ ਮੰਡਲ ਨਿਰੀਖਣ ਅਤੇ ਜ਼ਿਲ੍ਹਾ ਪੱਧਰ ਨਿਰੀਖਣ ਟੀਮਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿਜਦੋ ਵੀ ਉਹ ਸਕੂਲਾਂ ਦਾ ਨਿਰੀਖਣ ਕਰਨ ਤਾਂ ਟੀਚਰ ਡਾਇਰੀ ਅਤੇ ਮਾਨਿਟਰ ਡਾਇਰੀ ਦਾ ਮਿਲਾਣ ਕਰਨ । ਇਹ ਆਮ ਤੌਰ ਤੇ ਵੇਖਣ ਵਿੱਚ ਆਇਆ ਹੈ ਕਿ ਅਧਿਆਪਕਾਂ ਨੇ ਟੀਚਰ ਡਾਇਰੀ ਵਿੱਚ ਕੁੱਝ ਹੋਰ ਵੇਰਵਾ ਦਿੱਤਾ ਹੁੰਦਾ ਹੌਂ ਜੋ ਕਿ ਮਾਨਿਟਰ ਡਾਇਰੀ ਦੇ ਨਾਲ ਮੇਲ ਨਹੀਂ ਖਾਂਦਾ ਹੁੰਦਾ । ਇਸ ਲਈ ਦੋਨੌਂ ਡਾਇਰੀਆਂ ਦਾ ਮਿਲਾਣ ਕਰਨਾ ਯਕੀਨੀ ਬਣਾਇਆ ਜਾਵੇ । ਆਪਣੀ ਨਿਰੀਖਣ ਰਿਪੋਰਟ ਵਿੱਚ ਇਸ ਬਾਰੇ ਵਿਸ਼ੇਸ਼ ਵਰਨਣ ਕੀਤਾ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ